

## ਡੇਅਰੀ ਵਿਭਾਗ

ਨੌਜਵਾਨਾਂ ਨੂੰ ਬੈਂਕਾਂ ਵਲੋਂ ਕਰਜ਼ੇ ਦਿਵਾ ਕੇ ਸਵੈ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ ਡੇਅਰੀ ਵਿਭਾਗ ਵਲੋਂ ਹੇਠ ਲਿਖੇ ਅਨੁਸਾਰ ਸਕੀਮਾਂ ਚਲਾਈਆਂ ਜਾ ਰਹੀਆਂ ਹਨ:-

**ਸਕੀਮ ਡੀ.ਐਮ. 2.1**

**ਟਰੇਨਿੰਗ ਇੰਨਫਰਾਸਟਰਕਚਰ ਇੰਨ ਡੇਅਰਿੰਗ ਫਾਰ ਰੂਰਲ ਅਨ-ਇੰਪਲਾਇਡ ਯੂਥ ਫਾਰ ਕਮਰਸ਼ਲਾਇਜ਼ਡ ਮਿਲਕ ਪ੍ਰੋਡਕਸ਼ਨ**

**ਸਹਾਇਤਾ ਲੈਣ ਲਈ ਨਿਯਮ**

ਘੱਟੋ-ਘੱਟ ਪੰਜਵੀਂ ਪਾਸ ਪੇਂਡੂ ਲੜਕਾ ਜਾਂ ਲੜਕੀ ਜਿਸ ਦੀ ਉਮਰ 18 ਤੋਂ 50 ਸਾਲ ਦੇ ਵਿਚਕਾਰ ਹੋਵੇ, ਗਰੰਟੀ ਵਜੋਂ ਉਸ ਕੋਲ ਜਾਂ ਉਸ ਦੇ ਗਾਰਡੀਅਨ ਕੋਲ ਸਿੰਚਾਈ ਵਾਲੀ ਘੱਟੋ-ਘੱਟ ਚਾਰ ਕਨਾਲ ਤੋਂ ਸਾਢੇ 7 ਏਕੜ ਜ਼ਮੀਨ ਹੋਵੇ ਤਾਂ ਜੋ ਉਹ 5 ਤੋਂ ਲੈ ਕੇ 50 ਦੁਧਾਰੂ ਪਸ਼ੂ ਕਰਜ਼ੇ ਤੇ ਖਰੀਦ ਸਕਦਾ ਹੈ। ਕਰਜ਼ਾ ਲੈਣ ਤੋਂ ਪਹਿਲਾਂ ਉਮੀਦਵਾਰ ਨੂੰ ਇਕ ਮਹੀਨਾ/15 ਦਿਨਾਂ ਦੀ ਟਰੇਨਿੰਗ ਡੇਅਰੀ ਟਰੇਨਿੰਗ ਸੈਂਟਰ, ਫਗਵਾੜਾ, ਕ੍ਰਿਸ਼ੀ ਵਿਗਿਆਨ ਕੇਂਦਰ ਬਾਹੋਵਾਲ ਤੋਂ ਕਰਵਾਈ ਜਾਂਦੀ ਹੈ। ਇਕ ਦੁਧਾਰੂ ਪਸ਼ੂ ਦੀ ਕੀਮਤ 15000/- ਰੁਪਏ ਤੱਕ ਹੈ। ਇਸ ਵਿਚ ਲਾਭਪਾਤਰੀ ਮੱਝ ਜਾਂ ਗਾਂ ਦੀ ਖਰੀਦ ਕਰ ਸਕਦਾ ਹੈ। ਇਸ ਤੋਂ ਇਲਾਵਾ ਪਸ਼ੂਆਂ ਲਈ ਕੈਟਲਸ਼ੈਡ ਬਣਾਉਣ ਲਈ ਵੀ ਕਰਜ਼ਾ ਦਿਵਾਇਆ ਜਾਂਦਾ ਹੈ।

**ਐਕਸਟੈਂਸ਼ਨ ਟਰੇਨਿੰਗ ਐਂਡ ਐਜੂਕੇਸ਼ਨ ਇੰਨ ਇੰਮਪਰੂਵਡ ਮੈਥਿਡਜ਼ ਆਫ ਡੇਅਰਿੰਗ ਟੂ ਮਿਲਕ ਪ੍ਰੋਡਿਊਸਰਜ਼**

**ਸਹਾਇਤਾ ਲੈਣ ਲਈ ਨਿਯਮ**

ਪਿੰਡ ਦਾ ਕੋਈ ਵੀ ਵਿਅਕਤੀ/ਦੁੱਧ ਉਤਪਾਦਕ, ਦੋ ਦਿਨਾਂ ਦੀ ਡੇਅਰੀ ਟਰੇਨਿੰਗ ਪ੍ਰਾਪਤ ਕਰ ਸਕਦਾ ਹੈ। ਵਿਭਾਗ ਵਲੋਂ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਇਹ ਟਰੇਨਿੰਗ ਸਿਰਫ ਪੇਂਡੂ ਨੌਜਵਾਨ ਹੀ ਪ੍ਰਾਪਤ ਕਰਨ।

**ਸਕੀਮ ਫਾਰ ਕਾਫ ਕੇਰਿੰਗ**

ਨਵੀਨਤਮ ਢੰਗਾਂ ਨਾਲ ਛੋਟੀਆਂ ਕੱਟੀਆਂ/ਵੱਛੀਆਂ ਦੀ ਪਾਲਣਾ ਕਰਨੀ।

**ਸਹਾਇਤਾ ਲੈਣ ਲਈ ਨਿਯਮ**

ਪਹਿਲਾਂ ਤੋਂ ਹੀ ਡੇਅਰੀ ਦਾ ਧੰਦਾ ਕਰ ਰਹੇ ਡੇਅਰੀ ਫਾਰਮਰਾਂ ਨੂੰ ਉਨ੍ਹਾਂ ਦੇ ਹੀ ਫਾਰਮ ਦੀਆਂ ਚੰਗੀ ਨਸਲ ਦੀਆਂ ਕੱਟੀਆਂ/ਵੱਛੀਆਂ ਨੂੰ ਪਾਲਣ ਲਈ ਜਿਹਨਾਂ ਦੀ ਸੰਖਿਆ 3 ਤੋਂ 20 ਤੱਕ ਹੋਵੇ ਅਤੇ ਉਹਨਾਂ ਦੀ ਉਮਰ 4 ਮਹੀਨਿਆਂ ਤੱਕ ਹੋਵੇ, ਲਈ 4 ਕਿਸ਼ਤਾਂ ਵਿਚ ਕਰਜ਼ਾ ਮੁਹੱਈਆ ਕਰਵਾਇਆ ਜਾਂਦਾ ਹੈ। ਕਰਜ਼ੇ ਦੀ ਦੂਜੀ ਕਿਸ਼ਤ ਕੱਟੀਆਂ/ਵੱਛੀਆਂ ਦੇ 13ਵੇਂ ਮਹੀਨੇ ਦੀ ਉਮਰ ਪੂਰੀ ਹੋਣ ਤੇ ਦਵਾਈ ਜਾਂਦੀ ਹੈ। ਇਹ ਕਰਜ਼ਾ ਵਾਪਸ ਕਰਨ ਦੀ ਮਿਆਦ 4 ਸਾਲ ਤੱਕ ਹੈ। ਪਰ ਜੇਕਰ ਦੁੱਧ ਉਤਪਾਦਕ ਚਾਹੁੰਦਾ ਹੋਵੇ ਤਾਂ ਉਹ ਜਾਨਵਰ ਦੇ ਸੂਣ ਉਪਰੰਤ ਸਾਰੇ ਕਰਜ਼ੇ ਦੀ ਅਦਾਇਗੀ ਕਰ ਸਕਦਾ ਹੈ। ਇਕ ਦੀ ਕੀਮਤ 12000/-ਰੁਪਏ ਤੱਕ ਹੈ।

**ਚੰਗੀ ਨਸਲ ਦੀਆਂ ਮੱਝਾਂ ਦੀ ਪਾਲਣਾ ਤੇ ਸਵੈ ਰੁਜ਼ਗਾਰ ਪੈਦਾ ਕਰਨਾ।**

**ਸਹਾਇਤਾ ਲੈਣ ਲਈ ਨਿਯਮ**

ਮੱਝ ਗਰੇਡਿਡ ਮੁਰ੍ਹਾ ਜਾਂ ਮੁਰ੍ਹਾ ਨਸਲ ਦੀ ਜੋ ਤਾਜਾ ਸੂਈ ਹੋਵੇ ਅਤੇ ਉਸ ਦਾ ਦੁੱਧ ਰੋਜ਼ਾਨਾ 12-15 ਲੀਟਰ ਹੋਵੇ, ਦੀ ਖਰੀਦ ਕਰਨੀ ਹੁੰਦੀ ਹੈ। ਇਸ ਲਈ ਇਕ ਮੱਝ ਦਾ ਕਰਜ਼ਾ 20,000/- ਰੁਪਏ ਅਤੇ ਇਕ ਚੰਗੀ ਨਸਲ ਦਾ

ਸਾਨ੍ਹ ਖਰੀਦਣ ਲਈ ਵੀ 20,000/- ਰੁਪਏ ਦਾ ਕਰਜ਼ਾ ਦਿਵਾਇਆ ਜਾਂਦਾ ਹੈ। ਇਸ ਸਕੀਮ ਅਧੀਨ ਇਕ ਫਾਰਮਰ 20 ਮੱਝਾਂ ਦਾ ਕਰਜ਼ਾ ਪ੍ਰਾਪਤ ਕਰ ਸਕਦਾ ਹੈ। ਸਕੀਮ ਅਧੀਨ ਵੱਧ ਤੋਂ ਵੱਧ ਕਰਜ਼ਾ 8 ਲੱਖ ਰੁਪਏ ਅਤੇ ਇਹ ਕਰਜ਼ਾ ਪ੍ਰਾਪਤ ਕਰਨ ਲਈ ਗਰੰਟੀ ਲਈ 5 ਕਿਲੇ ਵਾਹੀਯੋਗ ਜ਼ਮੀਨ ਹੋਣੀ ਚਾਹੀਦੀ ਹੈ। ਸਕੀਮ ਅਪਨਾਉਣ ਲਈ ਵਿਭਾਗ ਦੀ ਟਰੇਨਿੰਗ ਪ੍ਰਾਪਤ ਕੀਤੀ ਹੋਣੀ ਜ਼ਰੂਰੀ ਹੈ।

ਵਧੇਰੇ ਜਾਣਕਾਰੀ ਲੈਣ ਲਈ ਡੇਅਰੀ ਵਿਭਾਗ ਦੇ ਅਧਿਕਾਰੀਆਂ ਨਾਲ ਤਾਲਮੇਲ ਕੀਤਾ ਜਾਵੇ।